**DISTRICT LEGAL SERVICES AUTHORITY, FAZILKA**
**ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ**
**ਫੋਨ ਨੰ: 01638-261500, Toll Free: 1968**
**Email: dlsafzk@gmail.com, dtlsa.fzk@pulsa.gov.in**

Tarsem Mangla
(District & Sessions Judge-cum)
Chairman, DLSA, Fazilka.

DLSA/2019 ________________

Dated______________________

## ਨੋਟਿਸ

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਦੇ ਦਿਸ਼ਾ ਨਿਰਦੇਸ਼ਾ ਹੇਠ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਅਤੇ ਪਿੰਡਾਂ ਵਿਖੇ ਪੈਰਾ ਲੀਗਲ ਵਲੰਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਯੋਗ ਉਮੀਦਵਾਰਾਂ ਤੋਂ ਪਰਵਾਰਮ ਤੇ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।

| | |
|---|---|
| ਘੱਟੋ-ਘੱਟ ਯੋਗਤਾ | : ਮੈਟ੍ਰਿਕ (ਮਰਦਾਂ ਲਈ)<br>ਮਿਡਲ ਪਾਸ (ਔਰਤਾਂ ਲਈ ) |
| ਅਰਜ਼ੀ ਦੇਣ ਦੀ ਆਖਿਰੀ ਮਿਤੀ | : 20.10.2019 (ਦਫ਼ਤਰੀ ਸਮੇਂ ਦੌਰਾਨ) |
| ਸਥਾਨ | : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ। |
| ਇੰਟਰਵਿਊ/ਟੈਸਟ ਦੀ ਮਿਤੀ | : https://districts.ecourts.gov.in/fazilka ਤੋਂ ਚੈੱਕ ਕਰਦੇ ਰਹੋ। |
| ਭੱਤਾ | : ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਬਤੌਰ ਪੈਰਾ-ਲੀਗਲ ਵਲੰਟੀਅਰਜ਼ ਸੇਵਾਵਾਂ ਦੇਣ ਵਾਲੇ ਪ੍ਰਾਰਥੀ ਨੂੰ ਵੇਜ਼ਜ਼/ਮਿਹਨਤਾਨਾ ਨਹੀਂ ਦਿੱਤਾ ਜਾਵੇਗਾ। ਉਹਨਾਂ ਨੂੰ ਬਤੌਰ ਪੀ.ਐਲ.ਵੀ. ਨਿਯੁਕਤ ਹੋ ਜਾਣ ਉਪਰੰਤ ਬਤੌਰ ਮਾਣਭੱਤ 400/- ਰੁਪਏ ਸਿਰਫ਼ ਉਸ ਦਿਨ ਦੇ ਲਈ ਹੀ ਦਿੱਤੇ ਜਾਣਗੇ ਜਿਸ ਦਿਨ ਪੀ.ਐਲ.ਵੀ ਨੂੰ ਦਫ਼ਤਰ ਜਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਪਾਸੋਂ ਕੰਮ ਕਰਨ ਲਈ ਮਿਲੇਗਾ। ਇਸ ਮਾਣਭੱਤੇ ਵਿੱਚ ਵਾਧਾ ਜਾਂ ਕਟੌਤੀ ਕੇਵਲ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ ਜੀਆਂ ਦੁਆਰਾਂ ਸਮੇਂ-ਸਮੇਂ ਸਿਰ ਨਿਸ਼ਚਿਤ ਕੀਤੇ ਜਾਣ ਵਾਲੇ ਨਿਯਮਾਂ ਅਨੁਸਾਰ ਹੀ ਹੋਵੇਗਾ। |
| ਪੈਰਾ ਲੀਗਲ ਵਲੰਟੀਅਰਜ਼ ਦੇ ਕੰਮ | : ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿੱਚ ਹੋ ਰਹੀ ਕਿਸੇ ਵੀ ਵਧੀਕੀ ਦੀ ਰਿਪੋਰਟ ਕਰਨਾ, ਮੁਫ਼ਤ ਕਾਨੂੰਨੀ ਸਹਾਇਤਾ ਦਵਾਉਣਾ, ਲੋੜਵੰਦ ਸ਼ਹਿਰੀਆਂ ਦੀ ਮੱਦਦ ਕਰਨਾ, ਲੋਕਾਂ ਨੂੰ ਲੋਕ ਅਦਾਲਤਾਂ, ਮੀਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤਾਂ ਦੀ ਜਾਣਕਾਰੀ ਦੇਣਾ, ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫਿਸ ਸਬੰਧੀ ਡਿਊਟੀ ਆਦਿ। |

**<u>ਗਰੁਪ/ਵਿਅਕਤੀ ਜ਼ਿਨ੍ਹਾਂ ਵਿੱਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ।</u>**

1. ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
2. ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸੀਟੀਜ਼ਨ
3. ਐਮ. ਐਸ. ਡਬਲਿਊ. ਦੇ ਵਿਦਿਆਰਥੀ ਅਤੇ ਅਧਿਆਪਕ
4. ਆਗਨਵਾੜੀ ਵਰਕਰਜ਼
5. ਡਾਕਟਰ/ਫੀਸੀਜੀਅਨਜ਼
6. ਗੈਰ-ਸਿਆਸੀ ਵਿਅਕਤੀ, ਐਨ.ਜੀ.ਓ ਅਤੇ ਕਲੱਬ
7. ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ।
8. ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜ਼ੋ ਕਿ ਲੰਬੇ ਸਮੇਂ ਤੋਂ ਸਜ਼ਾ ਭੁਗਤ ਰਹੇ ਹਨ।
9. ਕੋਈ ਵੀ ਅਜਿਹਾ ਵਿਅਕਤੀ ਜ਼ੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ-ਡਵਿਜ਼ਨ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

**<u>ਨੋਟ:</u>**

1. ਬਿਨੈਕਾਰ ਵੱਲੋਂ ਬਿਨੈ-ਪੱਤਰ ਦੇ ਨਾਲ ਇੱਕ ਸਵੈ-ਘੋਸ਼ਣਾ ਪੱਤਰ ਵੀ ਦਿੱਤਾ ਜਾਵੇ। ਜ਼ਿਸ ਵਿੱਚ ਬਿਨੈਕਾਰ ਵੱਲੋਂ ਲਿਖਿਆ ਜਾਵੇ ਕਿ ਉਸ ਤੇ ਕਿਸੇ ਵੀ ਤਰਾਂ ਦਾ ਦੀਵਾਨੀ ਜਾਂ ਫੌਜਦਾਰੀ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚੱਲ ਰਿਹਾ ਅਤੇ ਨਾ ਹੀ ਉਸ ਤੇ ਕਿਸੇ ਵੀ ਤਰ੍ਹਾਂ ਦੀ ਰਾਜਨੀਤਿਕ ਸੰਗਠਨ ਨਾਲ ਸਬੰਧ ਰੱਖਦਾ ਹੈ। ਜਾਣਕਾਰੀ ਗਲਤ ਪਾਏ ਜਾਣ ਦੀ ਸੁਰਤ ਵਿੱਚ ਬਿਨੈਕਾਰ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

2. ਅਧੂਰੇ ਬਿਨੈ-ਪੱਤਰਾਂ/ਐਪਲੀਕੇਸ਼ਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਬਿਨੈ -ਪੱਤਰਾਂ/ਐਪਲੀਕੇਸ਼ਨਾਂ ਖਾਰਜ ਕਰ ਦਿੱਤੀਆਂ ਜਾਣਕਗੀਆਂ।

3. ਬਿਨੈਕਾਰ ਨੂੰ ਇੰਟਰਵਿਊ ਲਈ ਬੁਲਾਏ ਗਏ ਦਿਨ ਦਾ ਉਸਨੂੰ ਕੋਈ ਟੀ.ਏ./ਡੀ. ਏ ਜਾਂ ਮਾਣਭੱਤਾ ਨਹੀਂ ਦਿੱਤਾ ਜਾਵੇਗਾ।

**ਸਹੀ/-**
(ਤਰਸੇਮ ਮੰਗਲਾ),
ਜਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੈਅਰਮੈਨ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਫਾਜ਼ਿਲਕਾ।